Email

File No:H-U-H1/23/2025-6H1

I/1036/07/2025

GOVT. PUNJAB

**ਪੰਜਾਬ ਸਰਕਾਰ**

**ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ**

**(ਮਕਾਨ ਉਸਾਰੀ-1 ਸ਼ਾਖਾ)**

ਸੇਵਾ ਵਿਖੇ

ਮੁੱਖ ਪ੍ਰਸ਼ਾਸਕ,
ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ),
ਪੁੱਡਾ ਭਵਨ, ਐਸ.ਏ.ਐਸ. ਨਗਰ।

ਮਿਤੀ, ਚੰਡੀਗੜ੍ਹ: 18/2/2025

ਵਿਸ਼ਾ: **ਅੰਮ੍ਰਿਤਸਰ ਕੋਲਕਾਤਾ ਇੰਡਸਟਰੀਅਲ ਕੋਰੀਡੋਰ (ਏ.ਕੇ.ਆਈ.ਸੀ.) ਪ੍ਰੋਜੈਕਟ ਅਧੀਨ ਇੰਟੀਗਰੇਟਿਡ ਮੈਨੂਫੈਕਚਰਿੰਗ ਕਲਸਟਰ (ਆਈ.ਐਮ.ਸੀ) ਰਾਜਪੁਰਾ, ਜਿਲ੍ਹਾ ਪਟਿਆਲਾ ਦੀ ਸਥਾਪਨਾ ਲਈ ਸਪੈਸ਼ਲ ਪਰਪਜ਼ ਵਹੀਕਲ (ਐਸ.ਪੀ.ਵੀ.) "NICDC Punjab Industrial Corridor Development Corporation Limited" ਨੂੰ ਜਮੀਨ ਟਰਾਂਸਫਰ ਕਰਨ ਲਈ ਸਟੈਂਪ ਡਿਊਟੀ, ਰਜਿਸਟਰੇਸ਼ਨ ਫੀਸ ਅਤੇ ਹੋਰ ਵਾਧੂ ਚਾਰਿਜ਼ਜ਼ ਦੇ ਭੁਗਤਾਨ ਤੋਂ ਛੋਟ ਦੇਣ ਸਬੰਧੀ।**

*****

ਉਪਰੋਕਤ ਵਿਸ਼ੇ ਤੇ ਆਪ ਦੇ ਦਫਤਰ ਵੱਲੋਂ ਸਿੰਗਲ ਮਿਸ਼ਲ ਡਾਇਰੀ ਨੰ: 3012 ਮਿਤੀ 19.12.2024 ਰਾਹੀਂ ਭੇਜੀ ਗਈ ਤਜਵੀਜ਼ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਦੇ ਸਬੰਧ ਵਿੱਚ ਹਵਾਲਾ ਅਧੀਨ ਪੱਤਰ ਰਾਹੀਂ ਆਪ ਵੱਲੋਂ ਅੰਮ੍ਰਿਤਸਰ ਕੋਲਕਾਤਾ ਇੰਡਸਟਰੀਅਲ ਕੋਰੀਡੋਰ (ਏ.ਕੇ.ਆਈ.ਸੀ.) ਪ੍ਰੋਜੈਕਟ ਅਧੀਨ ਇੰਟੀਗਰੇਟਿਡ ਮੈਨੂਫੈਕਚਰਿੰਗ ਕਲਸਟਰ (ਆਈ.ਐਮ.ਸੀ) ਰਾਜਪੁਰਾ, ਜਿਲ੍ਹਾ ਪਟਿਆਲਾ ਦੀ ਸਥਾਪਨਾ ਲਈ ਸਪੈਸ਼ਲ ਪਰਪਜ਼ ਵਹੀਕਲ (ਐਸ.ਪੀ.ਵੀ.) "NICDC Punjab Industrial Corridor Development Corporation Limited" ਨੂੰ ਜਮੀਨ ਟਰਾਂਸਫਰ ਕਰਨ ਲਈ ਸਟੈਂਪ ਡਿਊਟੀ, ਰਜਿਸਟਰੇਸ਼ਨ ਫੀਸ ਅਤੇ ਹੋਰ ਵਾਧੂ ਚਾਰਿਜ਼ਜ਼ ਦੇ ਭੁਗਤਾਨ ਤੋਂ ਛੋਟ ਦੇਣ ਸਬੰਧੀ ਮੰਤਰੀ ਮੰਡਲ ਨੂੰ ਪੇਸ਼ ਕਰਨ ਹਿੱਤ ਤਜਵੀਜ਼ ਭੇਜੀ ਗਈ ਸੀ। ਉਕਤ ਤਜਵੀਜ਼ ਦੇ ਸਨਮੁੱਖ ਵਿਭਾਗ ਵੱਲੋਂ ਤਿਆਰ ਕੀਤਾ ਗਿਆ ਅਜੰਡਾ ਮੰਤਰੀ ਮੰਡਲ ਦੀ ਪ੍ਰਵਾਨਗੀ ਹਿੱਤ ਭੇਜਿਆ ਗਿਆ ਸੀ।

3. ਮੰਤਰੀ ਮੰਡਲ ਵੱਲੋਂ ਮਿਤੀ 13.02.2025 ਨੂੰ ਹੋਈ ਮੀਟਿੰਗ ਵਿੱਚ ਅੰਮ੍ਰਿਤਸਰ ਕੋਲਕਾਤਾ ਇੰਡਸਟਰੀਅਲ ਕੋਰੀਡੋਰ (ਏ.ਕੇ.ਆਈ.ਸੀ.) ਪ੍ਰੋਜੈਕਟ ਅਧੀਨ ਜਮੀਨ ਟਰਾਂਸਫਰ ਕਰਨ ਲਈ ਸਟੈਂਪ ਡਿਊਟੀ, ਰਜਿਸਟਰੇਸ਼ਨ ਫੀਸ ਅਤੇ ਹੋਰ ਵਾਧੂ ਚਾਰਿਜ਼ਜ਼ ਦੇ ਭੁਗਤਾਨ ਤੋਂ ਛੋਟ ਦੇਣ ਸਬੰਧੀ ਪ੍ਰਵਾਨਗੀ ਦੇ ਦਿੱਤੀ ਗਈ ਹੈ।

4. ਉਪਰੋਕਤ ਦੇ ਸਨਮੁੱਖ ਆਪ ਨੂੰ ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਪਾਸੋਂ ਪ੍ਰਾਪਤ ਪੱਤਰ ਮਿਤੀ 13.02.2025 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮੰਤਰੀ ਮੰਡਲ ਵੱਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ ਜੀ।

ਗੁਰਸੇਵਕ ਸਿੰਘ
ਸੁਪਰਡੰਟ 18/2/25